# ਸੁਦਰਸ਼ਨ ਗਾਸੋ ਦੀ ਕਾਵਿ ਪੁਸਤਕ 'ਕੌਣ ਲਿਖੂ ਸਿਰਨਾਵਾਂ': ਇਕ ਅਧਿਐਨ

**ਡਾ. ਤਿਲਕ ਰਾਜ**

**ਅਸੋਸੀਏਟ ਪ੍ਰੋਫੈਸਰ**

**ਗੁਰੂ ਨਾਨਕ ਖਾਲਸਾ ਕਾਲਜ, ਯਮੁਨਾਨਗਰ।**

ਡਾ• ਸੁਦਰਸ਼ਨ ਗਾਸੋ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਕਾਇਮ ਕਰ ਚੁੱਕਿਆ ਅਜਿਹਾ ਮਹੀਨ ਬੁੱਧੀ ਵਾਲਾ ਸ਼ਾਇਰ ਹੈ, ਜਿਸ ਦੀ ਕਵਿਤਾ ਨੇ ਕਾਵਿ ਚੇਤਨਾ,ਚਿੰਤਨ ਅਤੇ ਸੁਹਜ ਤਿੰਨਾਂ ਪੱਖਾਂ ਤੋਂ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਨਵੇਂ ਪ੍ਰਤਿਮਾਨ ਸਿਰਜੇ ਹਨ। ਇਹ ਸਿਰਜਨਸ਼ੀਲ ਕਵੀ ਪਿਛਲੇ ਕਈ ਵਰ੍ਹਿਆਂ ਤੋਂ ਲਗਾਤਾਰ ਕਾਵਿ ਸਿਰਜਨਾ ਕਰਦਿਆਂ ਹੋਇਆ ਆਪਣੇ ਕਾਵਿ ਅਨੁਭਵ ਨਾਲ ਲਬਰੇਜ਼ ਇੱਕ ਹੋਰ ਕਾਵਿ ਸੰਗ੍ਰਹਿ ' ਕੌਣ ਲਿਖੂ ਸਿਰਨਾਵਾਂ' ਲੈ ਕੇ ਹਾਜ਼ਰ ਹੋਇਆ ਹੈ। ਆਪਣੇ ਕਾਵਿ ਸੰਗ੍ਰਹਿ ਦੇ ਸਿਰਲੇਖ ਨਾਲ ਹੀ ਕਵੀ ਨੇ ਸਮਾਜ ਅੱਗੇ ਇੱਕ ਪ੍ਰਸ਼ਨ ਖੜ੍ਹਾ ਕੀਤਾ ਹੈ। ਇਹ ਪ੍ਰਸ਼ਨ ਹੀ ਅੱਗੇ ਪੂਰੇ ਕਾਵਿ ਸੰਗ੍ਰਹਿ ਵਿੱਚ ਫੈਲਦਾ ਨਜ਼ਰ ਆਉਂਦਾ ਹੈ। ਕਿਸੇ ਵੀ ਕਵਿਤਾ ਦੀ ਸਫ਼ਲਤਾ ਅਤੇ ਸਾਰਥਕਤਾ ਦਾ ਅੰਦਾਜ਼ਾ ਲਗਾਉਣਾ ਹੋਵੇ, ਤਾਂ ਇਹ ਪੈਮਾਨਾ ਬਹੁਤ ਬਿਹਤਰ ਹੁੰਦਾ ਹੈ ਕਿ ਉਹ ਕਵਿਤਾ ਸਮਾਜ ਅੱਗੇ ਕੋਈ ਪ੍ਰਸ਼ਨ ਸਿਰਜਦੀ ਹੈ ਜਾਂ ਨਹੀਂ। ਡਾ• ਸੁਦਰਸ਼ਨ ਗਾਸੋ ਦੀ ਕਵਿਤਾ ਕੇਵਲ ਪ੍ਰਸ਼ਨ ਹੀ ਨਹੀਂ ਸਿਰਜਦੀ ਬਲਕਿ ਸਮਾਜ ਤੋਂ ਉਸ ਦਾ ਉੱਤਰ ਵੀ ਭਾਲਦੀ ਨਜ਼ਰ ਆਉਂਦੀ ਹੈ। ਇਸ ਕਵਿਤਾ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਕਵਿਤਾ ਵਿੱਚ ਕਵੀ ਕੋਈ ਗਿਣ ਮਿਥ ਕੇ ਪ੍ਰਸ਼ਨ ਖੜ੍ਹੇ ਨਹੀਂ ਕਰਦਾ ਬਲਕਿ ਇਹ ਪ੍ਰਸ਼ਨ ਕਵਿਤਾ ਪੜ੍ਹਦਿਆਂ ਆਪ ਮੁਹਾਰੇ ਜ਼ਿਹਨ ਵਿੱਚ ਆਉਂਦੇ ਹਨ। ਇਹਨਾਂ ਕਵਿਤਾਵਾਂ ਵਿੱਚ ਕਵੀ ਸਮਕਾਲੀ ਸਮਾਜਿਕ ਪਰਸਥਿਤੀਆਂ ਵਿੱਚ ਵਿਅਕਤੀ ਦੀ ਹੋਂਦ ਦੇ ਮਸਲੇ ਤੋਂ ਲੈ ਕੇ ਅਜੋਕੇ ਸਮਾਜਿਕ ਵਰਤਾਰੇ ਵਿੱਚ ਘਿਰੀ ਮਨੁੱਖੀ ਮਾਨਸਿਕਤਾ ਅਤੇ ਸਮਾਜਿਕ ਸਥਿਤੀਆਂ ਨੂੰ ਸਿੱਧਾ ਸੰਬੋਧਨ ਹੁੰਦਾ ਹੈ। ਕਵੀ ਕੋਲ ਵਿਚਾਰ ਹੈ, ਚੇਤਨਾ ਹੈ ਅਤੇ ਵਿਚਾਰ ਅਤੇ ਚੇਤਨਾ ਪ੍ਰਤੀ ਚਿੰਤਨ ਉਸ ਦੀ ਕਵਿਤਾ ਦਾ ਪ੍ਰਮੁੱਖ ਟੂਲ ਹੈ। ਕੋਈ ਵੀ ਚਿੰਤਨਸ਼ੀਲ ਸਾਹਿਤਕਾਰ ਆਪਣੇ ਆਲੇ ਦੁਆਲੇ ਦੇ ਹਰ ਸਮਾਜਿਕ ਵਰਤਾਰੇ ਪ੍ਰਤੀ ਚੇਤੰਨ ਰਹਿੰਦਾ ਵੀ ਹੈ ਅਤੇ ਸਮਾਜ ਨੂੰ ਚੇਤਨ ਕਰਦਾ ਵੀ ਹੈ। ਡਾ• ਸੁਦਰਸ਼ਨ ਗਾਸੋ ਆਪਣੀ ਕਵਿਤਾ ਵਿੱਚ ਜੋ ਵੀ ਕਾਵਿ ਵਿਚਾਰ ਸਿਰਜਦਾ ਹੈ, ਉਸ ਨੂੰ ਚਿੰਤਨ ਦੇ ਪੱਧਰ ਤੇ ਪੇਸ਼ ਕਰਦਾ ਹੈ। ਸਮਾਜਿਕ ਵਰਤਾਰੇ ਪ੍ਰਤੀ ਉਸ ਦੀ ਚੇਤਨਾ ਕਵਿਤਾ' ਮੈਂ ਉਹ ਗੀਤ ਲਿਖਦਾ ਹਾਂ' ਤੋਂ ਸਹਿਜੇ ਹੀ ਸਪਸ਼ਟ ਹੋ ਜਾਂਦੀਂ, ਇਹ ਚੇਤਨਾ ਅਤੇ ਵਿਚਾਰ ਹੀ ਉਸ ਨੂੰ ਕਵਿਤਾ ਦੁਆਰਾ ਵੱਖ ਵੱਖ ਪ੍ਰਸ਼ਨ ਸਿਰਜਣ ਲਈ ਮਜ਼ਬੂਰ ਕਰਦੇ ਹਨ:

ਮੈਂ ਉਹ ਗੀਤ ਲਿਖਦਾ ਹਾਂ, ਹਾਂ ਮੈਂ ਉਹੀ ਗੀਤ ਲਿਖਦਾ ਹਾਂ!
ਜੋ ਜਿੱਤ ਦੇ ਪਰਚਮ ਦਾ ਸੰਗੀਤ ਲਿਖਦੇ ਨੇ!
ਮੁਹੱਬਤ ਦੇ ਸ਼ਰਬਤ ਨੂੰ ਨਜ਼ੀਰ ਲਿਖਦੇ ਨੇ!

ਜੋ ਤੋੜ ਦਿੰਦੇ ਨੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ

ਜੋ ਮੇਟ ਦਿੰਦੇ ਨੇ ਮੁਫ਼ਲਿਸੀ ਦੀਆਂ ਤਕਦੀਰਾਂ ਨੂੰ
ਜੋ ਸਿਆਸਤ ਦੇ ਝੂਠ ਨੂੰ ਨਿਲਾਮ ਕਰਦੇ ਨੇ
ਜੋ ਮਿਹਨਤ ਦੇ ਮੁੜ੍ਹਕੇ ਨੂੰ ਅਨਮੋਲ ਕਰਦੇ ਨੇ
ਜੋ ਹਰ ਹਿੰਮਤੀ ਹੌਸਲੇ ਨੂੰ ਪਰਵਾਜ਼ ਕਰਦੇ ਨੇ!
ਜੋ ਹਰ ਫ਼ਿਕਰ ਦੇ ਜ਼ਿਕਰ ਨੂੰ ਬੇਜ਼ਾਰ ਕਰਦੇ ਨੇ
ਹਰ ਜ਼ੁਲਮ ਦੀ ਦਾਸਤਾਨ ਨੂੰ ਤਾਰ ਤਾਰ ਕਰਦੇ ਨੇ
ਮੈਂ ਉਹ ਗੀਤ ਲਿਖਦਾ ਹਾਂ, ਹਾਂ ਮੈਂ ਉਹ ਗੀਤ ਲਿਖਦਾ ਹਾਂ!

ਇਹ ਗੀਤ ਨੁਮਾ ਕਵਿਤਾ ਪੜ੍ਹਨ ਵਿੱਚ ਬੇਸ਼ੱਕ ਸਧਾਰਨ ਲੱਗਦੀ ਹੈ ਪਰ ਉਹ ਕਵੀ ਦੀ ਅੰਤਰੀਵੀ ਵਿਚਾਰਧਾਰਾ, ਚੇਤਨਾ ਅਤੇ ਚਿੰਤਨ ਨੂੰ ਸਾਕਾਰ ਕਰ ਦਿੰਦੀ ਹੈ। ਇਹੀ ਚੇਤਨਾ ਅਤੇ ਚਿੰਤਨ ਅਗਾਂਹ ਸਾਰੀ ਕਵਿਤਾ ਵਿੱਚ ਵੇਖਣ ਨੂੰ ਮਿਲਦਾ ਹੈ।

ਡਾ. ਸੁਦਰਸ਼ਨ ਗਾਸੋ, ਇੱਕ ਪਾਸੇ ਸਮਾਜਿਕ ਧਰਾਤਲ ਦੇ ਹਰ ਜਟਿਲ ਪਸਾਰੇ, ਮਾਨਵ ਵਿਰੋਧੀ ਤਾਕਤਾਂ, ਤਿੜਕਦੇ ਸਭਿਆਚਾਰਕ ਅਤੇ ਰਾਜਨੀਤਕ ਪਸਾਰੇ ਦੇ ਸੱਚ ਨੂੰ ਉਘਾੜਦਾ ਹੈ ਅਤੇ ਦੂਜੇ ਪਾਸੇ ਮਨੁੱਖੀ ਮਨ ਦੀਆਂ ਮਾਨਸਿਕ ਉਲਝਣਾ ਨਾਲ ਸੰਵਾਦ ਰਚਾਉਂਦਾ ਹੈ। ਇਸ ਪੁਸਤਕ ਦੀ ਸਿਰਲੇਖ ਕਵਿਤਾ 'ਕੌਣ ਲਿਖੂ ਸਿਰਨਾਵਾਂ' ਇਸ ਕਾਵਿ ਵਿਚਾਰ ਦੀ ਸਾਖੀ ਭਰਦੀ ਹੈ। ਰੁੱਖ ਬਲ ਰਹੇ ਹਨ, ਜੋ ਬੇਗਾਨੀਆਂ ਛਾਵਾਂ ਵਿੱਚੋਂ ਆਸਰਾ ਭਾਲਦੇ ਹਨ। ਕਵਿਤਾ ਵਿੱਚ ਰੁੱਖ ਪੰਜਾਬ ਦੇ ਨੌਜਵਾਨ ਦਾ/ ਕਿਸਾਨ ਦਾ ਪ੍ਰਤੀਕ ਬਣ ਕੇ ਉਭਰਦੇ ਹਨ, ਜਿਨ੍ਹਾਂ ਦੇ ਸੰਤਾਪ ਨੂੰ ਵੇਖ ਵੇਖ ਉਨ੍ਹਾਂ ਦੀਆਂ ਨਿਕਰਮਣ ਧਰਤੀ ਜਿਹੀਆਂ ਮਾਵਾਂ ਝੂਰਦੀਆਂ ਹੋਈਆਂ ਇਸ ਬੋਲ਼ੀ ਕੁਰਸੀ ਨੂੰ ਆਪਣਾ ਦਰਦ ਸੁਨਾਉਣ ਤੋਂ ਵੀ ਅਸਮਰਥ ਹਨ। ਅਜਿਹੀ ਸੰਤਪਤ ਸਥਿਤੀ ਵਿੱਚ ਵਿੱਚ ਮਨੁੱਖ ਨੂੰ ਆਪਣਾ ਸਿਰਨਾਵਾਂ, ਹੋਂਦ ਅਤੇ ਹਸਤੀ ਮਿਟਦੀ ਪ੍ਰਤੀਤ ਹੁੰਦੀ ਹੈ:-

ਪਿੰਡ ਪਿੰਡ ਰੁੱਖ ਬਲਦੇ
ਰੋਂਦੀਆਂ ਨਿਕਰਮਣ ਮਾਵਾਂ
ਕਲਯੁੱਗੀ ਦੁਨੀਆ 'ਚ
ਰੁੱਖ਼ ਭਾਲਦੇ ਬੇਗਾਨੀਆਂ ਛਾਵਾਂ?
ਰੁਲ਼ਦੇ ਮੰਡੀਆਂ 'ਚ
ਭਰਦੇ ਡੂੰਘੀਆਂ ਆਹਾ
ਬੋਲ਼ੀ ਕੁਰਸੀ ਨੂੰ
ਕਿੱਦਾਂ ਦਰਦ ਸੁਣਾਵਾਂ?
ਦੁਨੀਆਂ ਦਾ ਢਿੱਡ ਭਰਦੇ
ਰੁੱਖ਼ ਆਪ ਮਾਰਦੇ ਧਾਹਾਂ
ਬਲਦੇ ਰੁੱਖ਼ਾਂ ਦਾ

Journal of Interdisciplinary and Multidisciplinary Research (JIMR)
E-ISSN:1936-6264| Impact Factor: 8.886| UGC Approved
Vol. 21 Issue 03, March- 2026
Available online at: https://livejimrjournal.in/
(An open access scholarly, peer-reviewed, interdisciplinary, monthly, and fully refereed journal.)

ਕੌਣ ਲਿਖੂ ਸਿਰਨਾਵਾਂ?

ਆਧੁਨਿਕ ਕਵਿਤਾ ਆਪਣਾ ਅਰਥ ਪਸਾਰਾ ਪ੍ਰਤੀਕਾਂ ਦੁਆਰਾ ਕਰਦੀ ਹੈ। ਅਸਲ ਵਿੱਚ ਆਧੁਨਿਕ ਕਵਿਤਾ ਨੇ ਆਪਣਾ ਵਿਚਾਰ ਪ੍ਰਤੀਕ ਦੁਆਰਾ ਪੇਸ਼ ਕਰਨਾ ਹੁੰਦਾ ਹੈ। ਪ੍ਰਤੀਕ ਨੂੰ ਕੇਂਦਰ ਵਿੱਚ ਰੱਖ ਕੇ ਆਪਣੇ ਵਿਚਾਰ ਨੂੰ ਫੈਲਾਉਣਾ ਹਰ ਕਵੀ ਦੇ ਵੱਸ ਦੀ ਗੱਲ ਨਹੀਂ ਹੁੰਦੀ। ਵਿਸ਼ੇਸ਼ ਕਾਵਿਕ ਸਮਰੱਥਾ ਵਾਲਾ ਕਵੀ ਹੀ ਪ੍ਰਤੀਕ ਦੁਆਰਾ ਆਪਣੀ ਗੱਲ ਕਹਿ ਸਕਦਾ ਹੈ। ਡਾਕਟਰ ਗਾਸੋ ਅਜਿਹਾ ਹੀ ਸਮਰਥਾਵਾਨ ਕਵੀ ਹੈ ਜੋ ਪ੍ਰਤੀਕ ਸਿਰਜਨਾ ਕਰਕੇ ਵੱਡੇ ਵਿਚਾਰ ਨੂੰ ਬਹੁਤ ਘੱਟ ਸ਼ਬਦਾਂ ਵਿੱਚ ਬੰਨਣ ਦੇ ਸਮਰੱਥ ਹੈ। ਵੱਡੇ ਅਰਥਾਂ ਵਾਲੀ ਉਸਦੀ ਉਪਰੋਕਤ ਨਿੱਕੀ ਕਵਿਤਾ ਜਿੱਥੇ ਕਵੀ ਦੀ ਅਥਾਹ ਵਿਚਾਰ ਸ਼ਕਤੀ ਨੂੰ ਪੇਸ਼ ਕਰਦੀ ਹੈ ਉਥੇ ਉਸ ਦੀ ਪ੍ਰਤੀਕ ਸਿਰਜਨ ਸਮਰੱਥਾ ਨੂੰ ਵੀ ਉਜਾਗਰ ਕਰਦੀ ਹੈ।

ਉੱਤਰ-ਆਧੁਨਿਕਤਾ ਦੇ ਪਦਾਰਥਵਾਦੀ ਅਤੇ ਤਕਨਾਲੋਜੀ ਦੇ ਦੌਰ ਵਿਚ ਪਾਠਕਾਂ ਨੂੰ ਸਾਹਿਤ, ਵਿਸ਼ੇਸ਼ ਕਰਕੇ ਕਵਿਤਾ ਨਾਲ ਜੋੜਨ ਦਾ ਕਾਰਜ ਕਠਿਨ ਹੈ। ਪਰ ਜਿਹੜੇ ਸ਼ਾਇਰ ਜਾਂ ਕਵੀ ਸਮਕਾਲੀ ਸਮਾਜਿਕ ਪ੍ਰਸਥਿਤੀਆਂ ਨੂੰ ਕਾਵਿ ਸਰੋਕਾਰ ਬਣਾ ਕੇ ਪਾਠਕਾਂ ਨਾਲ ਸੰਚਾਰ ਬਣਾਉਂਦੇ ਹਨ, ਉਹਨਾਂ ਦੀ ਕਾਵਿ ਸਿਰਜਣਾ ਦਾ ਸੱਚ ਅੱਜ ਵੀ ਪਾਠਕਾਂ ਨੂੰ ਇੱਕ ਨਵਾਂ ਹਲੂਣਾ ਦਿੰਦਾ ਹੈ। ਡਾ• ਗਾਸੋ ਇਸ ਪੱਖੋਂ ਭਲੀ ਭਾਂਤ ਅਨੁਭਵੀ ਸ਼ਾਇਰ ਹੈ। ਉਹ ਵਰਤਮਾਨ ਸਥਿਤੀਆਂ ਦੇ ਸੱਚ ਨੂੰ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਸਰੋਕਾਰਾਂ ਦੇ ਪਰਿਪੇਖ ਵਿੱਚ ਰੱਖ ਕੇ ਨਵੀਂ ਅਰਥ ਸਿਰਜਣਾ ਕਰਦਾ ਹੈ।

ਅੱਜ ਪੂਰੇ ਵਿਸ਼ਵ ਵਿੱਚ ਨਵ-ਪੂੰਜੀਵਾਦੀ ਤਾਕਤਾਂ ਦਾ ਦਬਦਬਾ ਵਧ ਰਿਹਾ ਹੈ। ਆਜ਼ਾਦੀ ਵੇਲੇ ਮਨੁੱਖ ਦੁਆਰਾ ਲਏ ਗਏ ਸੁਪਨੇ ਅੱਜ ਪੂਰੀ ਤਰ੍ਹਾਂ ਚਕਨਾਚੂਰ ਹੋ ਚੁੱਕੇ ਹਨ। ਵਿਦੇਸ਼ੀ ਸਰਮਾਏਦਾਰੀ ਦੀਆਂ ਨੀਤੀਆਂ ਅਧੀਨ ਅੱਜ ਭਾਰਤੀ ਸਮਾਜ ਵਿੱਚ ਬੇਰੁਜ਼ਗਾਰੀ, ਮਹਿੰਗਾਈ, ਗਰੀਬੀ ਅਤੇ ਸਮਾਜਿਕ ਅਨਿਆਂ ਆਦਿ ਦਾ ਪਾਸਾਰਾ ਹੈ। ਇਨ੍ਹਾਂ ਸਥਿਤੀਆਂ ਨੂੰ ਬਦਲ ਕੇ ਇਨਕਲਾਬ ਲਿਆ ਸਕਣ ਦੇ ਯੋਗ ਲੋਕਾਂ ਦੀ ਹਾਲਤ ਵੀ ਤਰਸਯੋਗ ਅਤੇ ਬੇਵੱਸੀ ਭਰੀ ਬਣ ਚੁੱਕੀ ਹੈ। ਮਨੁੱਖ ਕੇਵਲ ਮੰਡੀ ਦੀ ਵਸਤੂ ਬਣ ਕੇ ਰਹਿ ਗਿਆ ਹੈ। ਰਾਜਨੀਤਿਕ ਇੱਛਾ ਸ਼ਕਤੀ ਮਰ ਚੁੱਕੀ ਹੈ। ਕੇਵਲ ਰਾਜਨੀਤਿਕ ਸਵਾਰਥ ਕਰਕੇ ਲੋਕ ਮਨਾਂ ਵਿੱਚ ਵਿਵਸਥਾ ਪ੍ਰਤੀ ਅਵਿਸ਼ਵਾਸ ਦੀ ਭਾਵਨਾ ਕਾਇਮ ਹੋ ਚੁੱਕੀ ਹੈ। ਕਵੀ ਇਹਨਾਂ ਸਾਰੀਆਂ ਸਥਿਤੀਆਂ ਨੂੰ ਆਪਣੀ ਕਾਵਿ ਸਮਰੱਥਾ ਨਾਲ ਉਜਾਗਰ ਵੀ ਕਰਦਾ ਹੈ ਅਤੇ ਇਹਨਾ ਨਕਾਰਾਤਮਕ ਸਥਿਤੀਆਂ ਤੋਂ ਪਾਰ ਪਾਉਣ ਲਈ ਆਸ਼ਾਵਾਦੀ ਹੋ ਕੇ ਨਵ- ਸਿਰਜਣ ਸਮਰਥਾ ਉਜਾਗਰ ਕਰਨ ਦਾ ਹੋਕਾ ਵੀ ਦਿੰਦਾ ਹੈ:-

ਸੱਤਾ ਇੱਕ ਅਡੰਬਰ ਹੋ ਗਿਆ
ਸਿੰਘਾਸਨ ਕੋਈ ਬਵੰਡਰ ਹੋ ਗਿਆ
ਇਸ ਆਡੰਬਰ ਤੋਂ ਪਰਦਾ ਲਾਹ ਦੇ
ਇਸ ਸਿੰਘਾਸਨ ਦਾ ਮਰਸੀਆ ਗਾ ਦੇ
ਗਾ ਦੇ ਗੀਤ ਨਵਾਂ ਕੋਈ ਗਾ ਦੇ
ਕਵੀ! ਕੋਈ ਨਵੀਂ ਤਾਨ ਸੁਣਾ ਦੇ!

-------------------------

Journal of Interdisciplinary and Multidisciplinary Research (JIMR)
E-ISSN:1936-6264| Impact Factor: 8.886| UGC Approved
Vol. 21 Issue 03, March- 2026
Available online at: https://livejimrjournal.in/
(An open access scholarly, peer-reviewed, interdisciplinary, monthly, and fully refereed journal.)

ਮਿਹਨਤ ਇੱਥੇ ਹਾਰ ਗਈ ਹੈ
ਕੁਰਸੀ ਇੱਥੇ ਹੰਕਾਰ ਗਈ ਹੈ
ਸੰਘਰਸ਼ ਦੀ ਤਾਨ ਸੁਣਾ ਬੇਲੀਆ
ਗੀਤ ਨਵਾਂ ਕੋਈ ਗਾ ਬੇਲੀਆ

ਡਾ• ਸੁਦਰਸ਼ਨ ਗਾਸੋ ਦੀ ਕਵਿਤਾ ਅਜਿਹੀਆਂ ਮਾਨਵ ਵਿਰੋਧੀ ਸਮਾਜਕ ਸਥਿਤੀਆਂ 'ਤੇ ਰੁਦਨ ਨਹੀਂ ਕਰਦੀ ਬਲਕਿ ਇਹਨਾਂ ਸਥਿਤੀਆਂ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰਕੇ ਇੱਕ ਨਵੀਂ ਆਸ ਉਮੀਦ ਪੈਦਾ ਕਰਨ ਦੀ ਪ੍ਰੇਰਨਾ ਦਿੰਦੀ ਹੈ।ਇਸ ਕਵਿਤਾ ਦੀ ਸਾਰਥਿਕਤਾ ਇਸ ਗੱਲ ਵਿੱਚ ਹੈ ਕਿ ਸਵਾਰਥੀ ਰਾਜਨੀਤਕ ਵਿਵਸਥਾ ਨੇ ਜਦੋਂ ਲੋਕਾਂ ਨੂੰ ਧਾਰਮਿਕ ਅਤੇ ਸਮਾਜਿਕ ਪੱਧਰ ਤੇ ਵੰਡਣ ਦਾ ਕੰਮ ਕੀਤਾ ਹੈ, ਉਦੋਂ ਇਹ ਕਵਿਤਾ ਮਨੁੱਖਤਾ ਦੇ ਕਰਮ ਵਿੱਚੋਂ ਹੀ ਉੱਤਮ ਧਰਮ ਨੂੰ ਪਛਾਣਣ ਦੀ ਪ੍ਰੇਰਨਾ ਦਿੰਦੀ ਹੈ:-

ਮੂੰਹ ਹਨੇਰੇ
ਸਕੂਲ 'ਚ ਬਹੁਕਰ ਮਾਰਦੀ
ਤਾਲੇ ਖੋਲ੍ਹਦੀ
ਬੱਚਿਆਂ ਨੂੰ ਪਾਣੀ ਪਿਆਉਂਦੀ
ਮਾਤਾ ਮੇਲੋ ਨੇ
ਮੈਥੋਂ ਪੁੱਛਿਆ
ਮੇਰਾ ਧਰਮ ਕੀ ਹੈ?

ਮੈਂ ਅਜੇ
ਏਨਾ ਗਿਆਨੀ
ਨਹੀਂ ਬਣਿਆ
ਕਿ ਮੈਂ ਦੱਸ ਸਕਾਂ
ਏਨੇ ਉੱਤਮ ਧਰਮ ਤੋਂ
ਬਿਨਾਂ ਇਹਨਾਂ ਦਾ
ਹੋਰ ਵੀ ਕੋਈ
ਧਰਮ ਹੋ ਸਕਦੈ?

ਵਿਸ਼ਵੀਕਰਨ ਦੇ ਪਦਾਰਥਵਾਦੀ ਦੌਰ ਵਿੱਚ ਸਮਾਜ ਦਾ ਲਗਾਤਾਰ ਮੰਡੀਕਰਨ ਵੱਧਦਾ ਜਾ ਰਿਹਾ ਹੈ। ਇਸ ਵਿਸ਼ਵ ਮੰਡੀ ਵਿੱਚ ਮਨੁੱਖ ਨੂੰ ਕੇਵਲ ਸੁਪਨੇ ਵੇਚੇ ਜਾ ਰਹੇ ਹਨ, ਜੋ ਕਿ ਸੱਚ ਤੋਂ ਬਹੁਤ ਪਰੇ ਹਨ। ਵੱਡੇ ਵੱਡੇ ਵਪਾਰੀਆਂ ਵੱਲੋਂ ਮਨੁੱਖਤਾ

ਦੀ ਮਿਹਨਤ ਦਾ ਮੁੱਲ ਤੈਅ ਕੀਤਾ ਜਾ ਰਿਹਾ ਹੈ। ਖੇਤੀ ਵਰਗਾ ਉੱਤਮ ਮਿਹਨਤੀ ਧੰਦਾ ਵੀ ਕਿਸਾਨ ਤੋਂ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਕਵੀ ਮੰਡੀਕਰਨ ਵਿੱਚ ਬਦਲ ਰਹੀ ਸਮਾਜਿਕ ਵਿਵਸਥਾ ਨੂੰ ਬੜੀ ਬਰੀਕੀ ਨਾਲ ਸਮਝਦਾ ਹੋਇਆ ਮਨੁੱਖ ਨੂੰ ਸੁਚੇਤ ਕਰਦਾ ਹੈ ਅਤੇ ਗੰਦਲੀ ਰਾਜਨੀਤਕ ਵਿਵਸਥਾ ਦੀ ਮਿਲੀਭੁਗਤ ਨਾਲ ਮਨੁੱਖੀ ਹੱਕਾਂ ਤੇ ਵੱਜਣ ਵਾਲੇ ਡਾਕੇ ਤੋਂ ਇਸਨੂੰ ਬਚਾਉਣ ਦੀ ਦੁਹਾਈ ਦਿੰਦਾ ਹੈ:-

ਵੱਡੇ ਵੱਡੇ ਵਿਓਪਾਰੀ ਆ ਗਏ, ਕੁਰਸੀ ਦੇ ਹੰਕਾਰੀ ਆ ਗਏ
ਰਾਜਨੀਤੀ ਦੇ ਲਾਰੇ ਆ ਗਏ, ਸੱਤਾ ਦੇ ਚਮਕਾਰੇ ਆ ਗਏ
ਮਿਲ ਕੇ ਮਹਿਲ ਮੁਨਾਰੇ ਆ ਗਏ, ਵੱਡੇ ਵੱਡੇ ਹਤਿਆਰੇ ਆ ਗਏ
ਕਿਸਾਨ ਨੂੰ ਬਚਾ ਬੇਲੀਆ, ਕਿਸਾਨ ਦੇ ਗੁਣ ਗਾ ਬੇਲੀਆ!

ਅਜਿਹੀਆਂ ਸਥਿਤੀਆਂ ਵਿੱਚ ਕਵੀ ਮਨੁੱਖਤਾ ਦੀ ਲੁੱਟ ਘਸੁੱਟ ਕਰਨ ਵਾਲੇ, ਉਸ ਦੇ ਸੁਪਨਿਆਂ ਨੂੰ ਚਕਨਾਚੂਰ ਕਰਨ ਵਾਲੇ, ਧਾਰਮਿਕ ਅਤੇ ਸਮਾਜਿਕ ਵੰਡੀਆਂ ਪਾ ਕੇ ਮਨੁੱਖਤਾ ਦੀਆਂ ਅੱਖਾਂ ਚੁੰਧਿਆਉਣ ਵਾਲੇ ਸੋਸ਼ਣਕਰਤਾ ਵਰਗ ਨੂੰ ਕਵੀ ਆਪ ਵੰਗਾਰਦਾ ਵੀ ਹੈ ਅਤੇ ਵੰਗਾਰਨ ਦੀ ਪ੍ਰੇਰਨਾ ਵੀ ਦਿੰਦਾ ਹੈ। ਉਹ ਸੋਸ਼ਿਤ ਵਰਗ ਨੂੰ ਲੜ ਕੇ ਹੱਕ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦਾ ਹੈ:-

ਹੁਣ ਮੈਂ ਸ਼ੁਭ ਕਰਮਨ ਦੀ
ਸਹੁੰ ਖਾ ਕੇ
ਮੈਦਾਨ- ਏ-ਜੰਗ ਵਿੱਚ ਆ ਗਿਆ ਹਾਂ
ਭੀਖ ਮੰਗਣ ਤੋਂ ਤੌਬਾ
ਕਰ ਲਈ ਹੈ
ਹੱਕਾਂ ਲਈ ਲੜਨ ਵਾਸਤੇ
ਵਿਸ਼ਵਾਸ ਦੀ
ਗੁੜ੍ਹਤੀ ਪੀ ਲਈ ਹੈ।

--------------

ਅੱਗ ਪੈਰਾਂ ਨਾਲ ਬੰਨ੍ਹਣੀ ਪੈਣੀ
ਹੱਥ ਵਿਚ ਸੂਰਜ ਫੜਨਾ ਪੈਣਾ
ਰਾਤ ਕੁਲੈਹਣੀ ਇੰਜ ਨੀ ਮੁੱਕਣੀ
ਹਨੇਰੇ ਦੀ ਜੜ੍ਹ ਪੁੱਟਣੀ ਪੈਣੀ!

ਇਸ ਪੁਸਤਕ ਦੀਆਂ ਛੋਟੀਆਂ-ਛੋਟੀਆਂ ਕਵਿਤਾਵਾਂ ਵੀ ਵੱਡੇ ਵੱਡੇ ਅਰਥ ਆਪਣੇ ਅੰਦਰ ਛੁਪਾਈ ਬੈਠੀਆਂ ਹਨ। ਛੋਟੀ ਕਵਿਤਾ ਦੁਆਰਾ ਕਵੀ ਤਨਜ਼ ਕਰਦਾ ਹੋਇਆ ਬੜੇ ਹੀ ਵਿਅੰਗਆਤਮਕ ਤਰੀਕੇ ਨਾਲ ਅਰਥ ਸਿਰਜਨਾ ਕਰਦਾ ਹੈ:

ਸ਼ਬਦਾਂ ਨੂੰ
ਏਨੇ ਵੀ
ਪਵਿੱਤਰ ਨਾ ਬਣਾਓ
ਕਿ
ਉਹ
ਪਲੀਤ ਹੋ ਜਾਣ।

ਕਵੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਮਾਨਵ ਦੋਖੀ ਪ੍ਰਸਥਿਤੀਆਂ ਦਾ ਵਰਣਨ ਕਰਦਾ ਹੋਇਆ ਆਸ ਦਾ ਪੱਲਾ ਨਹੀਂ ਛੱਡਦਾ। ਉਸ ਦੀ ਆਸ਼ਾਵਾਦੀ ਪ੍ਰਵਿਰਤੀ ਲਗਭਗ ਇਸ ਪੁਸਤਕ ਦੀਆਂ ਸਾਰੀਆਂ ਕਵਿਤਾਵਾਂ ਵਿੱਚ ਵੇਖੀ ਜਾ ਸਕਦੀ ਹੈ। ਠਰਦੀ ਅਤੇ ਡਰਦੀ ਮਨੁੱਖਤਾ ਨੂੰ ਉਹ ਆਸ਼ਾਵਾਦੀ ਪ੍ਰਵਿਰਤੀ ਨਾਲ ਕੁਝ ਨਵਾਂ ਕਰਨ, ਸਿਰਜਣ, ਨਵੀਂ ਸਵੇਰ ਚੜ੍ਹਾਉਣ ਅਤੇ ਆਪਣੀ ਉਮੀਦ ਬਰਕਰਾਰ ਰੱਖਣ ਲਈ ਪ੍ਰੇਰਦਾ ਹੈ:-

ਮਨੁੱਖਤਾ ਜੇ ਠਰਦੀ ਹੋਵੇ
ਇਨਸਾਫ਼ ਨਾ ਕੁਰਸੀ ਕਰਦੀ ਹੋਵੇ
ਖ਼ਲਕਤ ਸਾਰੀ ਡਰਦੀ ਹੋਵੇ
ਔਖੇ ਸਾਹ ਜੇ ਭਰਦੀ ਹੋਵੇ
ਸੂਰਜ ਲੱਭ ਲਿਆ ਬੇਲੀਆ
ਗੀਤ ਸੁਭ੍ਹਾ ਦਾ ਗਾ ਬੇਲੀਆ!

ਕਵੀ ਨੇ ਅਜੋਕੀਆਂ ਚੁਣੌਤੀਪੂਰਨ ਸਮਾਜਕ ਸਥਿਤੀਆਂ ਵਿੱਚ ਵੀ ਗੁਰੂ ਨਾਨਕ ਸਾਹਿਬ, ਗੁਰੂ ਤੇਗ ਬਹਾਦਰ ਜੀ ਜਿਹੀਆਂ ਗੁਰੂ ਰੂਪ ਸਖਸ਼ੀਅਤਾਂ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਵਰਗੇ ਨਾਇਕਾਂ ਨੂੰ ਯਾਦ ਕਰਕੇ ਮਨੁੱਖ ਲਈ ਇੱਕ ਸੰਦੇਸ਼ ਸਿਰਜਿਆ ਹੈ ਕਿ ਇਹਨਾਂ ਚੁਣੌਤੀਪੂਰਨ ਸਥਿਤੀਆਂ ਵਿੱਚ ਸਾਨੂੰ ਆਪਣੇ ਇਹਨਾਂ ਨਾਇਕਾਂ ਤੋਂ ਸੇਧ ਲੈ ਕੇ ਸਕਾਰਾਤਮਕ ਅਤੇ ਆਸ਼ਾਵਾਦੀ ਰੁਚੀਆਂ ਨਾਲ ਅੱਗੇ ਵਧਣਾ ਪਵੇਗਾ।

ਬਹੁਤ ਸਾਰੀਆਂ ਰੋਮਾਂਟਿਕ ਕਵਿਤਾਵਾਂ ਪਿਆਰ ਅਤੇ ਮੁਹੱਬਤ ਦੇ ਨਵੇਂ ਅਰਥ ਘੜਦੀਆਂ ਹੋਈਆਂ, ਇਸ ਪੁਸਤਕ ਵਿੱਚ ਸ਼ਾਮਿਲ ਹਨ। ਇਹਨਾਂ ਕਵਿਤਾਵਾਂ ਵਿੱਚ ਕਵੀ ਦੀ ਬਾਕਮਾਲ ਕਲਪਨਾ ਉਡਾਰੀ ਵੇਖਣ ਨੂੰ ਮਿਲਦੀ ਹੈ। ਪਿਆਰ ਅਤੇ ਮੁਹੱਬਤ ਨੂੰ ਉਹ ਜੀਵਨ ਦੀ ਸਾਰਥਕਤਾ ਦਾ ਅਭਿੰਨ ਅੰਗ ਮੰਨਦਾ ਹੈ। ਕਿਸੇ ਵੀ ਤਰ੍ਹਾਂ ਦੀਆਂ ਸੰਤਪਤ ਸਥਿਤੀਆਂ ਵਿੱਚ ਪਿਆਰ ਅਤੇ ਮੁਹੱਬਤ ਮਨੁੱਖ ਨੂੰ ਸਕਾਰਾਤਮਕ ਦਿਸ਼ਾ ਦੇਣ ਵਿੱਚ ਸਹਾਈ ਹੁੰਦੀ ਹੈ:-

ਉਸ ਦੇ ਹਸਿਆਂ
ਬਾਗ਼ ਮਹਿਕਦੇ
ਮਹਿਕੇ ਹਰ ਇੱਕ ਥਾਂ!

ਜਿਸ ਨੂੰ ਤੱਕਿਆਂ
ਸਭ ਕੁਝ ਭੁੱਲ ਜਾਂ
ਭੁੱਲ ਜਾਂਦਾ ਹਾਂ ਆਪਣਾ ਨਾਂ!

ਜੇ ਮੁਹੱਬਤ ਵਿੱਚ ਪਿਆਰ ਮਨੁੱਖ ਆਪਣਾ ਨਾਮ ਵੀ ਭੁੱਲ ਜਾਂਦਾ ਹੈ ਤਾਂ ਆਪਣੇ ਕਈ ਪ੍ਰਕਾਰ ਦੇ ਦੁੱਖ ਉਸ ਨੂੰ ਕਿਸ ਤਰ੍ਹਾਂ ਯਾਦ ਰਹਿ ਜਾਣਗੇ? ਮੁਹੱਬਤ ਦਾ ਇਹ ਪੈਗਾਮ ਕਵੀ ਦੀ ਹਰ ਰੋਮਾਂਟਿਕ ਕਵਿਤਾ 'ਚ ਵੇਖਣ ਨੂੰ ਮਿਲਦਾ ਹੈ:-

ਸਦਾ ਵਾਸਤੇ
ਆਪਣੇ ਵਿਚ
ਪਿਆਰ ਹੁੰਦਾ ਹੈ
ਸਮਿਆਂ ਦੀ ਗਿਣਤੀ ਤੋਂ ਪਰ੍ਹੇ
ਸਦੀਵੀ ਤੇ ਅੰਤਰੀਵੀ!

ਪਿਆਰ ਨੂੰ ਕਵੀ ਇੱਕ ਸਾਰਥਿਕ ਅਤੇ ਪਵਿੱਤਰ ਕਰਮ ਮੰਨਦਾ ਹੈ। ਕਵਿਤਾਵਾਂ, 'ਤੂੰ-1, ਸ਼ਕਤੀ, ਕ੍ਰਿਸ਼ਮਾ, ਚਮਕ, ਇਕਮਿਕਤਾ, ਸਜੀਵਤਾ ਅਤੇ ਕਿਸਮਤ ਜਾਗ ਪਈ, ਵਰਗੀਆਂ ਛੋਟੀਆਂ-ਛੋਟੀਆਂ ਕਵਿਤਾਵਾਂ ਵਿੱਚ ਕਵੀ ਦੀ ਕਲਪਨਾ ਉਡਾਰੀ ਦੀ ਖੂਬਸੂਰਤੀ ਵੇਖੀ ਜਾ ਸਕਦੀ ਹੈ। ਇਹਨਾਂ ਕਵਿਤਾਵਾਂ ਨਾਲ ਇਹ ਕਾਵਿ ਸੰਗ੍ਰਹਿ ਬੜਾ ਹੀ ਰੋਚਕ ਅਤੇ ਦਿਲ ਨੂੰ ਸਕੂਨ ਦੇਣ ਵਾਲਾ ਹੋ ਨਿੱਬੜਦਾ ਹੈ। ਕਲਪਨਾ ਉਡਾਰੀ ਦੇ ਨਾਲ ਨਾਲ ਇਹਨਾਂ ਕਵਿਤਾਵਾਂ ਦਾ ਪ੍ਰਤੀਕ ਪ੍ਰਬੰਧ ਵੀ ਇਸ ਕਵਿਤਾ ਦੀ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ। ਕਵੀ ਨੇ ਮਾਨਸਿਕ ਸਕੂਨ ਦੇਣ ਵਾਲੇ ਪ੍ਰਤੀਕਾਂ ਤ੍ਰੇਲ, ਬੱਦਲ, ਫੁੱਲ, ਮਹਿਕ, ਰੁੱਖ ਪੱਤੇ ਅਤੇ ਵਰਖਾ ਆਦਿ ਦੀ ਕਲਾਤਮਕ ਵਰਤੋਂ ਨਾਲ ਸਥਿਤੀਆਂ ਨੂੰ ਸਾਕਾਰ ਅਤੇ ਸਾਰਥਕ ਕਰਦਿਆਂ ਹੋਇਆਂ ਖੂਬਸੂਰਤ ਬਿੰਬ ਸਿਰਜਣਾ ਕੀਤੀ ਹੈ।

ਕੁਲ ਮਿਲਾਕੇ ਡਾ• ਸੁਦਰਸ਼ਨ ਗਾਸੋ ਦਾ ਕਾਵਿ ਸੰਗ੍ਰਹਿ 'ਕੌਣ ਲਿਖੂ ਸਿਰਨਾਵਾਂ?' ਕਈ ਪ੍ਰਕਾਰ ਦੇ ਪ੍ਰਸ਼ਨ ਪੈਦਾ ਕਰਦਾ ਹੈ। ਕਵੀ ਦੀ ਚੇਤਨਾ ਸ਼ਕਤੀ ਅਤੇ ਚਿੰਤਨਸ਼ੀਲਤਾ ਪਾਠਕ ਦੇ ਮਨ ਵਿੱਚ ਪ੍ਰਸ਼ਨ ਪੈਦਾ ਕਰਕੇ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੀ ਤਲਾਸ਼ ਕਰਨ ਲਈ ਪ੍ਰੇਰਿਤ ਕਰਦੀ ਹੈ। ਆਪਣੀ ਆਸ਼ਾਵਾਦੀ ਪ੍ਰਵਿਰਤੀ ਨਾਲ ਇਹ ਕਵਿਤਾ ਪਾਠਕ ਨੂੰ ਬੇਚੈਨ ਨਹੀਂ ਕਰਦੀ ਬਲਕਿ ਸਥਿਤੀਆਂ ਨੂੰ ਸਕਾਰਾਤਮਕ ਨਜ਼ਰੀਏ ਤੋਂ ਸਮਝਣ ਲਈ ਪ੍ਰੇਰਨਾ ਦਿੰਦੀ ਹੈ। ਆਧੁਨਿਕ ਪੰਜਾਬੀ ਕਵਿਤਾ ਵਿੱਚ ਅਜਿਹੀ ਸਾਰਥਿਕ ਕਵਿਤਾ ਇੱਕ ਸ਼ੁਭ ਸ਼ਗਨ ਕਹੀ ਜਾ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ


- ਸਰਬਜੀਤ ਸਿੰਘ(ਡਾ.), **ਪਰੰਪਰਾ ਅਤੇ ਪਰਵਾਹ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002.
- ਸੁਖਦੇਵ ਸਿੰਘ(ਡਾ.), **ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ**, ਆਰਸੀ ਪਬਲਿਸ਼ਰਜ਼, ਦਿੱਲੀ, 1997.
- ਉਹੀ, **ਪੰਜਾਬੀ ਕਵਿਤਾ: ਪੁਨਰ ਸੰਵਾਦ**, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 1999.

• ਉਹੀ, **ਕਾਵਿ ਸਰੋਕਾਰ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.
• ਕਰਮਜੀਤ ਸਿੰਘ (ਡਾ.), **ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982.
• ਜਸਵਿੰਦਰ ਸਿੰਘ (ਡਾ•), **ਨਵੀਂ ਪੰਜਾਬੀ ਕਵਿਤਾ:ਪਛਾਣ ਚਿੰਨ੍ਹ**, ਚੇਤਨਾ ਪ੍ਰਕਾਸ਼ਨ ਲੁਧਿਆਣਾ, 2000.
• ਨੂਰ, ਸਤਿੰਦਰ ਸਿੰਘ( ਡਾ.), **ਕਵਿਤਾ ਦੀ ਭੂਮਿਕਾ**, ਸ਼ਿਲਾਲੇਖ ਬੁਕਸ, ਦਿੱਲੀ-2002.
• ਉਹੀ, **ਆਧੁਨਿਕ ਪੰਜਾਬੀ ਕਾਵਿ: ਸਿਧਾਂਤਕ ਪਰਿਪੇਖ**,ਆਰਸੀ ਪਬਲਿਸ਼ਰਜ਼, ਦਿੱਲੀ, 1991.
• ਨਰਿੰਦਰਪਾਲ ਸਿੰਘ ( ਡਾ.) **ਉੱਤਰ ਪਾਠ ਸਮੀਖਿਆ**, ਚੇਤਨਾ ਪ੍ਰਕਾਸ਼ਨ ਲੁਧਿਆਣਾ, 2023.
• ਯੋਗਰਾਜ ( ਡਾ.) **ਨਵੀਂ ਪੰਜਾਬੀ ਸ਼ਾਇਰੀ ਸਮਕਾਲੀ ਸੰਦਰਭ**, ਚੇਤਨਾ ਪ੍ਰਕਾਸ਼ਨ ਲੁਧਿਆਣਾ, 2006.